ੴ ਸਤਿਗੁਰ ਪ੍ਰਸਾਦਿ ॥

**ਸਭ ਦੂ ਵਡੇ ਭਾਗ ਗੁਰਸਿਖਾ ਕੇ।**
**ਜੋ ਗੁਰ ਚਰਣੀ ਸਿਖ ਪੜਤਿਆ ॥**

# ਮੈਂ ਸਿੱਖ ਕਿਉਂ ਹਾਂ?


( ਗੁਰੂ ਨਾਨਕ ਮਿਸ਼ਨ, ਪਟਿਆਲਾ )

ਪਹਿਲੀ ਛਾਪ ਫਰਵਰੀ 1973 ——— 10,000 ਕਾਪੀਆਂ

—: ਪ੍ਰਕਾਸ਼ਕ :—

ਸਿੱਖ ਮਿਸ਼ਨਰੀ ਸੁਸਾਇਟੀ, ਯੂ.ਕੇ ( ਰਜਿਸਟਰਡ )
27 ਪੀਅਰ ਰੋਡ, ਗਰੇਵਜ਼ੈਂਡ ( ਕੈਂਟ ) ਇੰਗਲੈਂਡ
ਟੈਲੀਫੂਨ 61834, 62107 ਅਤੇ 69494

# ਧੰਨਵਾਦ !



ਸ: ਗੁਰਬਚਨ ਸਿੰਘ ਗਿੱਲ

ਮੈਂ ਤਨੋ ਮਨੋ ਗੁਰੂ ਨਾਨਕ ਮਿਸ਼ਨ ਪਟਿਆਲਾ ਦੇ ਪਰਬੰਧਕਾਂ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਸਾਡੀ ਸਨਿਮਰ ਬੇਨਤੀ ਨੂੰ ਪ੍ਰਵਾਨ ਕਰਕੇ ਸਾਨੂੰ ਸਤਿਗੁਰਾਂ ਦੇ ਮਿਸ਼ਨ ਦੇ ਪ੍ਰਚਾਰ ਹਿਤ 'ਮੈਂ ਸਿੱਖ ਕਿਉਂ ਹਾਂ' ਨੂੰ ਛਾਪਕੇ ਸੰਗਤਾਂ ਵਿਚ ਵੰਡਣ ਦੀ ਆਗਿਆ ਦਿਤੀ ਹੈ। ਇਹ ਟਰੈਕਟ ਗੁਰੂ ਨਾਨਕ ਮਿਸ਼ਨ ਦੇ ਅੰਗਰੇਜ਼ੀ ਟਰੈਕਟ

WHY AM I A SIKH?

ਦਾ ਅਨੁਵਾਦ ਹੈ। ਇਸ ਟਰੈਕਟ ਵਿਚ ਸਤਿ-ਗੁਰਾਂ ਵਲੋਂ ਦਰਸਾਏ ਆਦਰਸ਼ਕ ਸਿਖੀ ਜੀਵਨ ਦੇ ਕੁਝ ਕੁ ਪਹਿਲੂਆਂ ਉਪਰ ਖੁਲ੍ਹੀ ਵਿਚਾਰ ਦਿਤੀ ਗਈ ਹੈ। ਇਹ ਉੱਚਾ ਤੇ ਸੁੱਚਾ ਜੀਵਨ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਖੁਦ ਕਰੜੀਆਂ ਘਾਲਾਂ ਘਾਲ ਕੇ ਜੀਵਿਆ ਤੇ ਪ੍ਰਤਖ ਪੂਰਨੇ ਪਾ ਕੇ ਸਾਡੇ ਲਈ ਨਿਯੁ-ਕਤ ਕੀਤਾ। ਵੇਖਣਾ ਇਹ ਹੈ ਕਿ ਕੀ ਅਸਾਂ ਸਤਿਗੁਰਾਂ ਦੀ ਚਲਾਈ ਜੀਵਨ-ਜੁਗਤ ਅਪਣਾ ਲਈ ਹੈ ਜਾਂ ਹਾਲੇ ਵੀ ਭੰਬਲ ਭੂਸਿਆਂ ਵਿਚ ਹੀ ਆਪਣਾ ਅਮੁੱਲਾ ਜੀਵਨ ਗਵਾ ਰਹੇ ਹਾਂ। ਮੈਨੂੰ ਆਸ ਹੈ ਕਿ ਇਹ ਛੋਟਾ ਜਿਹਾ ਟ੍ਰੈਕਟ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਪਰੇਰ ਸਕੇਗਾ।

ਸਿੱਖ ਮਿਸ਼ਨਰੀ ਸੁਸਾਇਟੀ ਦੇ ਸੇਵਕਾਂ ਨੂੰ ਮਾਇਕ ਔਕੜਾਂ ਤੋਂ ਮੁਕਤ ਕਰਨ ਲਈ ਸਤਿਗੁਰੂ ਜੀ ਆਪ ਹੀ ਕੋਈ ਵਿਧੀ ਬਣਾ ਦਿੰਦੇ ਹਨ ਤੇ ਸੇਵਕਾਂ ਤੋਂ ਸੇਵਾ ਲੈ ਲੈਂਦੇ ਹਨ। ਹੱਥ ਵਿਚਲੇ ਇਸ ਟ੍ਰੈਕਟ ਦੀ 5000 ਕਾਪੀ ਦਾ ਖਰਚ ਸ੍ਰ: ਗੁਰਬਚਨ ਸਿੰਘ ਜੀ ਗਿੱਲ ਲੰਡਨ ਨਿਵਾਸੀ ਵਲੋਂ ਦਿਤਾ ਗਿਆ ਹੈ। ਆਪ ਦੀ ਸ਼ਖਸੀਅਤ, ਸਿੱਖੀ ਸਿਦਕ ਤੇ ਸੇਵਾ ਤੋਂ ਇੰਗਲੈਂਡ ਨਿਵਾਸੀ ਭਲੀ ਭਾਂਤ ਜਾਣੂ ਹਨ। ਵਾਹਿਗੁਰੂ ਨੇ ਆਪ ਉਪਰ ਬਖਸ਼ਸ਼ਾਂ ਦੇ ਭੰਡਾਰਿਆਂ ਦੀ ਵੀ ਖੁੱਲ੍ਹੀ ਵਰਖਾ ਕੀਤੀ ਹੋਈ ਹੈ। ਅਸੀਂ ਵਾਹਿਗੁਰੂ ਅੱਗੇ ਇਹੋ ਅਰਦਾਸ ਕਰਾਂਗੇ ਕਿ ਆਪਦੀ ਇਸ ਸਿੱਖੀ ਸਿਦਕ ਦੀ ਭਾਵਨਾ ਨੂੰ ਬਣਾਈ ਰਖੇ ਤੇ ਆਪ ਇਸੇ ਤਰ੍ਹਾਂ ਸਿੱਖ ਮਿਸ਼ਨਰੀ ਸੁਸਾਇਟੀ, ਯੂ. ਕੇ. ਰਾਹੀਂ ਸਿੱਖ ਪੰਥ ਦੀ ਸੇਵਾ ਕਰਦੇ ਰਹਿਣ।

31 ਜੁਲਾਈ, 1972
27, ਪੀਅਰ ਰੋਡ, ਗਰੇਵਜ਼ੈਂਡ,
ਇੰਗਲੈਂਡ।

ਸੰਗਤਾਂ ਦਾ ਦਾਸ,
ਦਰਸ਼ਨ ਸਿੰਘ, ਸੇਵਾਦਾਰ
ਸਿੱਖ ਮਿਸ਼ਨਰੀ ਸੁਸਾਇਟੀ, ਯੂ. ਕੇ।

# ਮੈਂ ਸਿਖ ਕਿਉਂ ਹਾਂ ?

ਇਹ ਗੁਰੂ ਨਾਨਕ ਮਿਸ਼ਨ ਪਟਿਆਲਾ ਦੇ ਅੰਗਰੇਜ਼ੀ ਟਰੈਕਟ "Why am I a Sikh" ਦਾ ਪੰਜਾਬੀ ਰੂਪ ਹੈ। ਇਸ ਟਰੈਕਟ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਰਸਾਏ ਸਿਖ ਚਲਣ ਦਾ ਚਿਤਰ ਖਿਚਣ ਦਾ ਯਤਨ ਹੈ। ਅਜੇਹੇ ਚਿਤਰ ਵਾਲੇ ਸਰੂਪ ਨੂੰ ਜੇਕਰ ਆਦਰਸ਼ਕ ਇਨਸਾਨ ਕਿਹਾ ਜਾਏ ਤਾਂ ਇਸ ਵਿਚ ਕੋਈ ਅਤਿ ਕਥਨੀ ਨਹੀਂ। ਇਹ ਹੈ ਵੀ ਠੀਕ, ਕਿਉਂਕਿ ਸਤਿਗੁਰੂ ਨਾਨਕ ਦਾ ਮਿਸ਼ਨ ਸੰਸਾਰ ਨੂੰ ਆਦਰਸ਼ਕ ਜੀਵਨ ਜੁਗਤ ਦੇਣ ਦਾ ਹੀ ਸੀ, ਜਿਸ ਨੂੰ ਦਸ ਸਰੂਪਾਂ ਅੰਦਰ ਦੋ ਸੌ ਸਾਲ ਦੀਆਂ ਕਰੜੀਆਂ ਘਾਲਣਾਂ ਘਾਲ ਕੇ ਸਤਿਗੁਰੂ ਜੀ ਨੇ ਪੂਰਾ ਕੀਤਾ, ਅਤੇ 'ਖਾਲਸਾ' ਸਰੂਪ ਅੰਦਰ ਸੰਪੂਰਨ ਮਨੁਖ ਦੀ ਰਚਨਾ ਰਚ ਕੇ ਕਿਹਾ ਕਿ ਕੇਵਲ ਐਸਾ ਇਨਸਾਨ ਹੀ ਵਾਹਿਗੁਰੂ ਦਾ ਆਪਣਾ (ਵਾਹਿਗੁਰੂ ਜੀ ਕਾ ਖਾਲਸਾ) ਕਹਿਲਾ ਸਕਦਾ ਹੈ। ਕਾਸ਼! ਕਿ ਅਸੀਂ ਸਹੀ ਅਰਥਾਂ ਵਿਚ 'ਖਾਲਸਾ' ਹੋ ਕੇ ਦੁਨੀਆਂ ਨੂੰ ਨਿਸਚਾ ਕਰਾਉਂਦੇ ਕਿ ਸਤਿਗੁਰੂ ਜੀ ਨੇ ਸਚ ਮੁਚ ਹੀ ਆਦਰਸ਼ਕ ਇਨਸਾਨ ਚਿਤਰਿਆ ਸੀ।

**—ਨਰੈਣ ਸਿੰਘ**

# ਮੈਂ ਸਿੱਖ ਕਿਉਂ ਹਾਂ ?

ਕਿਉਂਕਿ ਮੈਨੂੰ ਆਪਣੇ ਕਿਸੇ ਮਤਲਬ ਦੀ ਸਿਧੀ ਲਈ ਬਹੁਤੇ ਦੇਵੀ ਦੇਵਤੇ ਮਨਾਉਣੇ ਜਾਂ ਪੂਜਣੇ ਨਹੀਂ ਪੈਂਦੇ, ਬਲਕਿ ਮੇਰੀ ਜਿਹੜੀ ਵੀ ਗੱਲ ਹੁੰਦੀ ਹੈ ਮੈਂ ਆਪਣੇ ਇਕੋ ਰੱਬ ਪਾਸ ਕਹਿ ਦਿੰਦਾ ਹਾਂ। ਮੇਰਾ ਉਹ ਰੱਬ ਜਿਥੇ ਵੀ ਮੈਂ ਹੋਵਾਂ ਮੇਰੇ ਨਾਲ ਹੁੰਦਾ ਤੇ ਮੇਰੀ ਗੱਲ ਸੁਣਦਾ ਹੈ।

ਮੇਰੇ ਰੱਬ ਦਾ ਸਾਨੀ ਦੂਜਾ ਕੋਈ ਹੈ ਨਹੀਂ, ਇਸ ਲਈ ਉਹ ਕਿਸੇ ਪਾਸੋਂ ਡਰਦਾ ਨਹੀਂ ਅਤੇ ਜਦੋਂ ਮੈਂ ਆਪਣੇ ਆਪ ਨੂੰ ਉਸ ਨਿਰਭੈ ਰੱਬ ਦੇ ਸਪੁਰਦ ਕਰ ਦਿੰਦਾ ਹਾਂ, ਮੇਰੇ ਵੀ ਸਾਰੇ ਡਰ ਦੂਰ ਹੋ ਜਾਂਦੇ ਹਨ। ਮੇਰਾ ਰੱਬ ਤਰਸਵਾਨ ਤੇ ਦਯਾਵਾਨ ਵੀ ਹੈ ਅਤੇ ਜਦੋਂ ਮੈਂ ਸਚੇ ਦਿਲੋਂ ਉਸ ਅਗੇ ਹਥ ਬੰਨ੍ਹ ਲੈਂਦਾ ਹਾਂ ਤਾਂ ਉਹ ਮੇਰੀਆਂ ਸਾਰੀਆਂ ਭੁਲਾਂ ਬਖਸ਼ ਦਿੰਦਾ ਹੈ। ਮੇਰਾ ਰੱਬ ਸਮਰਥ ਹੈ ਇਸ ਲਈ ਮੈਂ ਜਦੋਂ ਵੀ ਉਸ ਦੀ ਓਟ ਤਕ ਲੈਂਦਾ ਹਾਂ, ਮੇਰੇ ਦੁਸ਼ਮਣਾਂ ਦਾ ਮੈਨੂੰ ਛੂਹਣ ਦਾ ਹੀਆ ਨਹੀਂ ਪੈਂਦਾ। ਇਕ ਹੋਰ ਵਡਿਆਈ ਇਹ ਹੈ ਕਿ ਰੱਬ ਨੂੰ ਆਪਣੀ ਮਦਦ ਵਾਸਤੇ ਬੁਲਾਉਣ ਲਈ ਮੈਨੂੰ ਕੋਈ ਰਹੁ-ਰੀਤ ਕਰਨ ਦੀ ਲੋੜ ਨਹੀਂ ਪੈਂਦੀ। ਮੈਂ ਕੇਵਲ ਉਸਦੇ ਉਹਨਾਂ ਗੁਣਾਂ ਦਾ ਧਿਆਨ ਧਰਦਾ ਹਾਂ ਜੇਹੋ ਜਿਹੀ ਸਹਾਇਤਾ ਦੀ ਮੈਨੂੰ ਲੋੜ ਹੁੰਦੀ ਹੈ ਤੇ ਉਹ ਮੈਨੂੰ ਉਹਨਾਂ ਗੁਣਾ ਵਾਲੇ ਸਰੂਪ ਵਿਚ ਪਰਤਖ ਮੇਰੇ ਸਾਹਮਣੇ ਖੜਾ ਦਿਸਦਾ ਹੈ। ਫੇਰ ਮੈਂ ਉਸਦੇ ਗੁਣਾਂ ਦਾ ਧਿਆਨ ਕਿਸੇ ਥਾਉਂ, ਕਿਸੇ ਸਮੇਂ, ਕਿਸੇ ਮੌਕੇ ਤੇ ਧਰ ਸਕਦਾ ਹਾਂ ਅਤੇ ਉਸਦੀ ਮਦਦ ਲੈਣ ਦਾ ਤਰੀਕਾ ਵੀ ਬਹੁਤ ਸੌਖਾ ਤੇ ਸਾਦਾ ਹੈ। ਇਹ ਸਾਰੀਆਂ ਗੱਲਾਂ ਮੈਨੂੰ ਸਿਖ ਰਹਿਣ ਲਈ ਪਰੇਰਨਾ ਦਿੰਦੀਆਂ ਹਨ।

ਕਿਉਂਕਿ ਮੈਨੂੰ ਕਿਸੇ ਤਰ੍ਹਾਂ ਦੀ ਅਗਵਾਈ ਜਾਂ ਕੋਈ ਸਲਾਹ ਲੈਣ ਲਈ ਬੂਹੇ ਬੂਹੇ ਨਹੀਂ ਭਟਕਣਾ ਪੈਂਦਾ। ਮੈਨੂੰ ਹਰ ਪ੍ਰਕਾਰ ਦਾ ਸਲਾਹ-ਮਸ਼ਵਰਾ ਅਤੇ ਜਿਸ ਰਸਤੇ ਮੈਂ ਜਾਣਾ ਹੁੰਦਾ ਹੈ ਉਸਦੀ ਪੂਰੀ ਸੂਝ ਇਕੋ ਗੁਰੂ ਗਰੰਥ ਸਾਹਿਬ

ਵਿਚੋਂ ਮਿਲ ਜਾਂਦੀ ਹੈ। ਇਹ ਉਹ ਸ਼ਾਹੀ ਚਸ਼ਮਾ ਹੈ ਜਿਥੋਂ ਸਾਰਾ ਗਿਆਨ ਸਦੀਵਕਾਲ ਨਿਕਲਦਾ ਰਹਿੰਦਾ ਹੈ। ਇਸ ਰਾਹੀਂ ਮੈਂ ਆਪਣੇ ਰੱਬ ਨੂੰ ਪਰਤੱਖ ਵੇਖ ਸਕਦਾ ਹਾਂ। ਇਸਤੋਂ ਹੀ ਮੈਨੂੰ ਇਸ ਲੋਕ ਤੇ ਪ੍ਰਲੋਕ ਦਾ ਠੀਕ ਠੀਕ ਗਿਆਨ ਹੁੰਦਾ ਹੈ। ਇਸ ਵਿਚ ਜੀਵਨ ਦੇ ਉਹ ਸਾਰੇ ਨਿਯਮ ਹਨ ਜਿਹਨਾਂ ਦੀ ਵਰਤੋਂ ਮਨੁਖੀ ਜ਼ਿੰਦਗੀ ਅੰਦਰ ਹਮੇਸ਼ਾ ਲਈ ਖੇੜਾ ਤੇ ਸੁਹੱਪਣ ਲੈ ਆਉਂਦੀ ਹੈ। ਇਸਦੇ ਆਸਰੇ ਮੈਨੂੰ ਭਿਆਨਕ ਮੌਤ ਦਾ ਡਰ ਵੀ ਨਹੀਂ ਪੋਂਹਦਾ। ਇਹ ਮੇਰੇ ਜੀਵਨ ਦੇ ਨਿਜੀ ਤੇ ਸਮਾਜਿਕ, ਵਿਵਹਾਰਿਕ ਤੇ ਪਰਮਾਰਥਿਕ, ਅੰਤਰ ਅਤੇ ਬਾਹਰ ਮੁਖੀ ਪਹਿਲੂਆਂ ਤੇ ਚਾਨਣਾ ਪਾਉਂਦਾ ਅਤੇ ਮੇਰੀ ਆਤਮਾ ਅਤੇ ਮੇਰੇ ਰਬ ਦਾ ਮੈਨੂੰ ਪੂਰਾ ਗਿਆਨ ਦਿੰਦਾ ਹੈ। ਇਸ ਸੰਗ ਮੈਂ ਆਕਾਸ਼ ਵਿਚ ਉਡਾ-ਰੀਆਂ ਲਾਉਂਦਾ ਅਤੇ ਅਥਾਹ ਡੂੰਘੇ ਸਾਗਰਾਂ ਵਿਚੋਂ ਰਤਨ ਜਵਾਹਰ ਮਾਣਕ ਢੂੰਡ ਲਿਆਉਂਦਾ ਹਾਂ ਅਤੇ ਆਪਣੇ ਆਪ ਨੂੰ ਦਰਗਾਹੀ ਹਜ਼ੂਰੀ ਅੰਦਰ ਪੁਜਿਆ ਪ੍ਰਤੀਤ ਕਰਦਾ ਹਾਂ। ਇਹ ਮੇਰੇ ਅੰਦਰ ਦੀਆਂ ਸੂਖਮ ਤੋਂ ਸੂਖਮ ਤਰਬਾਂ ਨੂੰ ਹਲੂਣਾ ਦਿੰਦਾ ਅਤੇ ਮੈਨੂੰ ਉਥੇ ਲੈ ਜਾਂਦਾ ਹੈ ਜਿਥੇ ਮਨੁਖੀ ਸਿਆਣਪ ਨਹੀਂ ਪਹੁੰਚ ਸਕਦੀ। ਇਹ ਸਚ ਝੂਠ ਅਤੇ ਸਿਧੇ ਪੁਠੇ ਦਾ ਨਿਰਣਾ ਕਰਕੇ ਮੈਨੂੰ ਸਿਧੇ ਰਾਹ ਪਾਉਂਦਾ ਹੈ। ਇਸਦੀ ਅਗਵਾਈ ਵਿਚ ਮੈਨੂੰ ਇਕੱਲ ਕਦੀ ਨਹੀਂ ਪੋਂਹਦੀ। ਇਸਦੀ ਅਕਹਿ ਸੁੰਦਰਤਾ, ਰਸਭਿੰਨਾ ਨਾਦ ਅਤੇ ਇਸਤੋਂ ਮਿਲਦੀ ਦੈਵੀ-ਖੁਰਾਕ ਮੇਰੀ ਤਰਸਦੀ ਤੇ ਭਟਕਦੀ ਆਤਮਾ ਨੂੰ ਸਦੀਵੀ ਖੁਸ਼ੀ ਤੇ ਸ਼ਾਂਤੀ ਬਖਸ਼ਦੇ ਹਨ। ਇਸ ਅੰਦਰ ਜਾ ਕੇ ਮੈਂ ਸਾਰੀ ਮਨੁਖਤਾ, ਸਮੁਚੇ ਬ੍ਰਹਮੰਡ ਬਲਕਿ ਆਪਣੇ ਰਬ ਨਾਲ ਇਕ ਮਿਕ ਹੋ ਜਾਂਦਾ ਹਾਂ। ਇਹ ਇਸੇ ਪਾਵਨ ਗੁਰੂ ਗਰੰਥ ਸਾਹਿਬ ਜੀ ਦੇ ਹਮੇਸ਼ਾ ਵਸਦੇ ਨੂਰ ਦਾ ਅਹਿਸਾਸ ਹੈ, ਜੋ ਮੈਨੂੰ ਸਿਖੀ ਤੋਂ ਲਾਂਭੇ ਨਹੀਂ ਜਾਣ ਦਿੰਦਾ।

ਕਿਉਂਕਿ ਮੈਂ ਕਦੀ ਵੀ ਇਕੱਲਾ ਨਹੀਂ ਹੁੰਦਾ। ਕਿਸੇ ਨੂੰ ਵਿਖਾਈ ਦੇਵੇ ਭਾਵੇਂ ਨਾ, ਮੇਰਾ ਗੁਰੂ ਹਮੇਸ਼ਾ ਮੇਰੇ ਨਾਲ ਹੁੰਦਾ ਹੈ। ਉਹ ਮਹਾਨ ਯੋਧਾ ਹੈ ਜਿਸਦੀ ਦਲੇਰੀ ਅਤੇ ਸੂਰਬੀਰਤਾ ਦੀ ਹੋਰ ਮਿਸਾਲ ਨਹੀਂ। ਉਹ ਪਾਵਨਾਂ

ਦਾੜ੍ਹੀ ਉਵੇਂ ਹੀ ਰੱਖਦਾ ਹਾਂ ਜਿਵੇਂ ਮੈਨੂੰ ਕੁਦਰਤ ਵਲੋਂ ਮਿਲੇ ਹੋਏ ਹਨ ਅਤੇ ਕੇਸਾਂ ਦੀ ਨਿਤ ਦੀ ਸਫਾਈ ਲਈ ਇਕ ਕੰਘਾ ਰਖਦਾ ਹਾਂ। ਭਾਰਤੀ ਸਭਿਅਤਾ ਦੇ ਅਨੁਕੂਲ ਅਤੇ ਆਪਣੇ ਆਪ ਨੂੰ ਸਭਿਅਕ ਰੂਪ ਦੇਣ ਲਈ ਮੈਂ ਲੱਕ ਦੁਆਲੇ ਕਛਹਿਰਾ ਪਹਿਨਦਾ ਹਾਂ ਅਤੇ ਅਚਾਨਚਕ ਪਏ ਦੁਸ਼ਮਣ ਤੋਂ ਬਚਾਉ ਹਿਤ ਕਿਰਪਾਨ ਨੂੰ ਹਮੇਸ਼ਾ ਅੰਗ-ਸੰਗ ਰਖਦਾ ਹਾਂ। ਮੇਰੇ ਹੱਥ ਦਾ ਲੋਹੇ ਦਾ ਕੜਾ ਮੈਨੂੰ ਹਰ ਵਕਤ ਇਹ ਚਿਤਾਉਣੀ ਦਿੰਦਾ ਹੈ ਕਿ ਮੈਂ ਹਮੇਸ਼ਾ ਆਪਣੇ ਗੁਰੂ ਦੀ ਬੰਦੀ (DISCIPLINE) ਅੰਦਰ ਹਾਂ। ਮੇਰਾ ਖਾਣ-ਪੀਣ, ਪਹਿਨਣ-ਪਚਰਣ ਅਤੇ ਹੋਰ ਹਰ ਕਿਸਮ ਦੇ ਭੋਗ ਕੇਵਲ ਸਰੀਰਕ ਲੋੜ ਪੂਰਨ ਲਈ ਹਨ। ਜਿਸ ਪਦਾਰਥ ਨੂੰ ਖਾਣ-ਪੀਣ ਜਾਂ ਭੋਗਣ ਨਾਲ ਮੇਰੀ ਆਤਮਾ ਗੰਦੀ ਤੇ ਸਰੀਰ ਦੁਖੀ ਹੁੰਦਾ ਹੈ ਉਹ ਪਦਾਰਥ ਮੇਰੇ ਲਈ ਵਰਜਿਤ ਹਨ। ਇਨ੍ਹਾਂ ਸਭ ਦੀ ਪਰਖ ਲਈ ਮੇਰੇ ਸਾਹਮਣੇ ਨਰੋਏ ਸਰੀਰ ਅੰਦਰ ਨਰੋਈ ਆਤਮਾ ਰੱਖਣ ਦਾ ਇਕੋ ਹੀ ਸਾਦਾ ਤੇ ਸੌਖਾ ਅਸੂਲ ਹੈ। ਮੇਰੇ ਅੰਦਰ ਏਡੀ ਆਜ਼ਾਦੀ ਅਤੇ ਇਤਨੀ ਸਾਦਗੀ ਮੈਨੂੰ ਸਿੱਖ ਰੱਖਣ ਲਈ ਵੱਡੀਆਂ ਖਿੱਚਾਂ ਹਨ, ਜਿਸ ਲਈ ਮੈਂ ਸਿੱਖ ਹਾਂ।

ਕਿਉਂਕਿ ਮੈਨੂੰ ਆਪਣਾ ਧਰਮ ਕਮਾਉਣ ਲਈ ਮੰਦਰਾਂ ਅੰਦਰ ਜਾਂ ਵਣਾਂ-ਕੰਦਰਾਂ ਵਿਚ ਜਾਣ ਦੀ ਲੋੜ ਨਹੀਂ। ਮੇਰੇ ਧਰਮ ਕਮਾਉਣ ਦਾ ਥਾਂ ਮੇਰਾ ਨਿਤ ਦਾ ਜੀਵਨ ਖੇਤਰ ਹੈ, ਚਾਹੇ ਇਹ ਹਲ ਦੀ ਜੰਘੀ ਪਿਛੇ ਹੈ ਜਾਂ ਸੜਕ ਦੇ ਕੰਢੇ। ਵਰਕਸ਼ਾਪ ਅੰਦਰ ਹੈ ਜਾਂ ਦਫਤਰ ਦੀ ਮੇਜ਼ ਤੇ। ਮੇਰੇ ਲਈ ਸਿੱਖ ਰਹਿਣਾ ਜ਼ਰੂਰੀ ਹੈ। ਭਾਵੇਂ ਮੈਂ ਘਰ ਹੋਵਾਂ ਜਾਂ ਬਾਹਰ। ਸਮਾਜ ਵਿਚ ਵਿਚਰਦਾ ਹੋਵਾਂ ਜਾਂ ਮੈਦਾਨਿ ਜੰਗ ਅੰਦਰ। ਮੇਰੇ ਫੁਰਨਿਆਂ, ਮੇਰੇ ਖਿਆਲਾਂ, ਮੇਰੇ ਬੋਲ-ਚਾਲ, ਮੇਰੇ ਕੰਮਾਂ ਤੇ ਵਿਹਾਰਾਂ, ਮੇਰੇ ਲੈਣ-ਦੇਣ, ਮੇਰੇ ਸੰਸਾਰ, ਮੇਰੇ ਜੀਵਨ ਦੇ ਹਰ ਖੇਤਰ ਵਿਚੋਂ ਮੇਰੀ ਸਿੱਖੀ ਝਲਕ ਰਹੀ ਹੁੰਦੀ ਹੈ। ਮੇਰੀ ਇਨਸਾਨੀਅਤ ਮੇਰੀ ਸਿੱਖੀ ਹੈ ਅਤੇ ਮੇਰੀ ਸਿੱਖੀ ਮੇਰੀ ਇਨਸਾਨੀਅਤ ਹੈ। ਇਹ ਕੇਵਲ ਪ੍ਰਚਾਰਨ ਜੋਗ ਦਰਸ਼ਨ ਅਥਵਾ ਫਿਲਾਸਫੀ ਨਹੀਂ, ਬਲਕਿ ਮੇਰਾ ਜੀਵਨ ਮੇਰੀ ਸਿੱਖੀ ਹੈ। ਮੇਰਾ ਕੋਈ ਪਾਠ ਪੂਜਾ, ਕੋਈ ਰਹੁ-ਰੀਤ ਉਨਾਂ ਚਿਰ ਸਫਲ ਨਹੀਂ, ਜਦੋਂ ਤਕ ਮੈਂ ਇਨ੍ਹਾਂ

ਨੂੰ ਕਮਾਇਆ ਨਹੀਂ । ਇਥੇ ਅਮਲ ਦੀ ਵਿਚਾਰ ਹੈ । ਕਹਿਣਾ ਨਹੀਂ ਕਰਨਾ ਹੈ। ਮੈਂ ਜਿਹੋ ਜਿਹਾ ਹਾਂ ਅਜਿਹਾ ਹੀ ਲੋਕਾਂ ਨੂੰ ਦਿਸਾਂ। ਐਸਾ ਨਾ ਦਿਸਾਂ, ਜੈਸਾ ਮੈਂ ਹਾਂ ਨਹੀਂ। ਮੇਰੀ ਸਿੱਖੀ ਅੰਦਰ ਕੋਈ ਵਿਖਾਵਾ, ਕੋਈ ਫਰੇਬ, ਧੋਖਾ ਜਾਂ ਪਖੰਡ ਰਵਾ ਨਹੀਂ । ਇਸੇ ਲਈ ਮੈਂ ਸਿੱਖ ਹਾਂ ।

ਕਿਉਂਕਿ ਮੈਨੂੰ ਆਪਣੇ ਗੁਨਾਹ ਬਖਸ਼ਾਉਣ ਲਈ ਕਿਸੇ ਭਾਈ, ਪੰਡਿਤ, ਪਾਦਰੀ ਜਾਂ ਮੌਲਵੀ ਪਾਸ ਜਾਣ ਦੀ ਲੋੜ ਨਹੀਂ। ਇਹ ਸਭ ਕੁਝ ਮੈਂ ਆਪ ਹੀ ਹਾਂ। ਮੈਂ ਇਕ ਇਕੱਲਾ ਖੜਾ ਹੋਇਆ ਆਪਣੇ ਗੁਨਾਹਾਂ ਦੀ ਮਾਫ਼ੀ ਰੱਬ ਪਾਸੋਂ ਮੰਗ ਲੈਂਦਾ ਹਾਂ। ਉਹ ਮੇਰੀ ਆਪਣੀ ਕੀਤੀ ਅਰਦਾਸਿ ਨੂੰ ਸੁਣ ਲੈਂਦਾ ਹੈ। ਹਾਂ, ਗੁਰਸਿੱਖਾਂ ਦੀ ਸੰਗਤ ਉਤੇ ਮੈਨੂੰ ਪੂਰਨ ਭਰੋਸਾ ਹੈ। ਅਸੀਂ ਜਦੋਂ ਇਕੱਠੇ ਹੋ ਕੇ ਆਪਣੇ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਦੇ ਹਾਂ। ਅਸੀਂ ਗੁਰੂ ਕੀ ਬਾਣੀ ਪੜ੍ਹਦੇ ਅਤੇ ਮਿਲ ਕੇ ਗਾਉਂਦੇ ਹਾਂ। ਗੁਰੂ ਦੇ ਜਸ ਤੇ ਕੀਰਤਨ ਵਿਚ ਇਤਨੇ ਲੀਨ ਹੋ ਜਾਂਦੇ ਹਾਂ ਕਿ ਅਸੀਂ ਆਪੋ ਵਿਚ ਤੇ ਗੁਰੂ ਨਾਲ ਇਕ ਮਿਕ ਹੋ ਜਾਂਦੇ ਹਾਂ। ਫੇਰ ਅਸੀਂ ਖੜੇ ਹੋ ਕੇ ਹੱਥ ਜੋੜ ਗੁਰੂ ਦੇ ਹਜ਼ੂਰ ਆਪਣੇ ਗੁਨਾਹਾਂ ਨੂੰ ਬਖਸ਼ਾਉਣ ਲਈ ਅਰਦਾਸਿ ਕਰਦੇ ਤੇ ਗੁਰੂ ਪਾਸੋਂ ਯਾਚਨਾ ਕਰਦੇ ਹਾਂ ਕਿ ਸਾਥੋਂ ਉਹ ਕੰਮ ਕਰਵਾਏ ਜੋ ਉਸਨੂੰ ਚੰਗੇ ਲਗਦੇ ਹੋਣ। ਫੇਰ ਉਸਦੀਆਂ ਬਖਸ਼ਸ਼ਾਂ ਤੇ ਮੇਹਰਾਂ ਆਪਣੇ ਲਈ ਹੀ ਨਹੀਂ ਬਲਕਿ ਸਾਰੀ ਮਨੁਖਤਾ, ਸਾਰੇ ਸੰਸਾਰ, ਲਈ ਮੰਗਦੇ ਹਾਂ, ਸਰਬਤ ਦਾ ਭਲਾ ਮੰਗਦੇ ਹਾਂ। ਉਸ ਵੇਲੇ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਸਰਬ ਸਾਂਝੀ ਮਨੁਖਤਾ ਦੇ ਸਾਂਝੀਵਾਲ ਹਾਂ। ਅਤੇ ਇਹ ਕਹਿੰਦੇ ਹੋਏ ਅਸੀਂ ਸਾਰੇ ਅਤਿ ਗਰੀਬੀ ਤੇ ਸਨਿਮਰ ਭਾਵਨਾ ਨਾਲ ਗੁਰੂ ਦੇ ਚਰਨਾਂ ਤੇ ਡਿਗ ਪੈਂਦੇ ਹਾਂ ਅਤੇ ਕਹਿੰਦੇ ਹਾਂ 'ਪਾਤਸ਼ਾਹ ! ਦੁਸ਼ਮਣ ਸੱਜਣ ਸਭ ਦਾ ਭਲਾ ਕਰੀਂ'। ਕਿੰਨੀ ਵਿਸਮਾਦੀ ਅਰਦਾਸਿ ਹੈ। ਇਸ ਅਰਦਾਸਿ ਸਦਕਾ ਮੈਂ ਸਿੱਖ ਹਾਂ।

ਕਿਉਂਕਿ ਸਿੱਖੀ ਵਿਚ ਕਿਸੇ ਜ਼ਾਤ ਪਾਤ ਦੇ ਉਚੇ ਨੀਵੇਂ ਹੋਣ ਦਾ ਸਵਾਲ ਨਹੀਂ। ਨਾ ਕਿਸੇ ਰੰਗ ਰੂਪ, ਕੌਮ ਦਾ ਵਿਚਾਰ ਹੈ। ਇਸ ਦੇ ਦਰਵਾਜ਼ੇ ਕਾਲੇ ਗੋਰੇ, ਪਛਮੀ ਪੂਰਬੀ ਤੇ ਨੀਗਰੋ ਜਾਂ ਅਮਰੀਕਨ ਵਾਸਤੇ ਇਕ ਸਮਾਨ ਖੁਲ੍ਹੇ ਹਨ।

ਨਾ ਸਿੱਖੀ ਕਿਸੇ ਦਾ ਅਛੂਤ ਹੋਣਾ ਮੰਨਦੀ ਹੈ। ਇਹ ਖੁਲੇ ਲੰਗਰ ਚਲਾਉਂਦੇ ਹਨ ਜਿਸ ਨੂੰ ਇਹ ਆਪਣਾ ਨਹੀਂ ਕਹਿੰਦੇ ਬਲਕਿ ਗੁਰੂ ਕਾ ਲੰਗਰ ਕਹਿੰਦੇ ਹਨ। ਲੰਗਰ ਵਿਚ ਵਰਤਿਆ ਰਸਦ-ਪਾਣੀ, ਭਾਵੇਂ ਕਿਸੇ ਦੇ ਘਰੋਂ ਆਵੇ, ਇਹ ਗੁਰੂ ਦਾ ਸਮਝਦੇ ਹਨ। ਇਨ੍ਹਾਂ ਦੀ ਆਪਣੀ ਤਾਂ ਕੇਵਲ ਸੇਵਾ ਹੈ ਜੋ ਇਹ ਆਪਣੇ ਹੱਥੀਂ ਕਰਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਦੇ ਲੰਗਰਾਂ ਵਿਚ ਗਰੀਬ-ਅਮੀਰ, ਰਾਜੇ-ਰਾਣੀਆਂ ਤਕ ਜੂਠੇ ਭਾਂਡੇ ਮਾਂਜਣ ਤੋਂ ਵੀ ਸੰਕੋਚ ਨਹੀਂ ਕਰਦੇ, ਬਲਕਿ ਇਸ ਸੇਵਾ ਨੂੰ ਫਖਰ ਨਾਲ ਕਰਦੇ ਹਨ। ਇਹਨਾਂ ਦੇ ਲੰਗਰ ਵਿਚ ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਇਕੋ ਜੇਹੀ ਰੋਟੀ ਖੁਲਾਈ ਜਾਂਦੀ ਹੈ। ਕੋਈ ਰਾਜਾ ਰਾਣਾ ਹੋਵੇ ਜਾਂ ਮੰਗਤਾ, ਬਰਾਹਮਣ ਹੋਵੇ ਜਾਂ ਸੂਦਰ ਕਿਸੇ ਨਾਲ ਦੂਐਤ ਜਾਂ ਕਿਸੇ ਦਾ ਲਿਹਾਜ਼ ਨਹੀਂ। ਹੋਰ ਲੋ : ਅੰਮ੍ਰਿਤਸਰ ਇਨ੍ਹਾਂ ਦਾ ਇਕ ਸਰੋਵਰ ਹੈ। ਇਕ ਤਰਨ ਤਾਰਨ ਵੀ ਹੈ ਅਤੇ ਇਕ ਬਾਉਲੀ ਗੋਇੰਦਵਾਲ ਹੈ, ਇਹ ਗੁਰੂ ਸਾਹਿਬਾਨ ਨੇ ਆਪ ਬਣਵਾਏ ਸਨ। ਇਨ੍ਹਾਂ ਵਿਚ ਨਹਾਉਣ ਦੀ ਸਭ ਕਿਸੇ ਨੂੰ ਖੁਲ੍ਹ ਹੈ, ਭਾਵੇਂ ਉਹ ਕਿਸੇ ਜ਼ਾਤ, ਰੰਗ ਜਾਂ ਸ਼ਰੇਣੀ ਦਾ ਹੋਵੇ. ਕਿਸੇ ਤੇ ਕੋਈ ਪਾਬੰਦੀ ਨਹੀਂ। ਜਦੋਂ ਇਹ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਅਰਦਾਸਿ ਕਰਦੇ ਜਾਂ ਵਾਹਿਗੁਰੂ ਦੀ ਵਡਿਆਈ ਗਾਉਣ ਜਾਂ ਸੁਨਣ ਲਈ ਇਕਠੇ ਹੁੰਦੇ ਹਨ, ਤਾਂ ਇਹ ਕਿਸੇ ਵਡੇ ਜਾਂ ਛੋਟੇ ਲਈ ਕੋਈ ਵਿਸ਼ੇਸ਼ ਥਾਉਂ ਮੁਕਰਰ ਨਹੀਂ ਕਰਦੇ, ਅਤੇ ਨਾ ਕਿਸੇ ਮਨੁਖ ਮਾਤਰ ਨੂੰ ਇਨ੍ਹਾਂ ਦੇ ਨਾਲ ਰਲ ਬੈਠਣ ਵਿਚ ਕੋਈ ਰੋਕ ਹੈ। ਇਹ ਆਪਣੇ ਗੁਰੂ ਅਤੇ ਰਬ ਨੂੰ ਸਭ ਦਾ ਸਾਂਝਾ ਜਾਣਦੇ ਹਨ। ਇਹਨਾਂ ਦੇ ਸਾਂਝੇ ਲੰਗਰ, ਸਾਂਝੇ ਸਰੋਵਰ, ਸਾਂਝੀ ਅਰਦਾਸਿ, ਸਾਂਝਾ ਗੁਰੂ ਅਤੇ ਇਕੋ ਸਾਂਝਾ ਰੱਬ ਇਨ੍ਹਾਂ ਅੰਦਰ ਮਨੁਖਤਾ ਦੀ ਸਾਂਝ ਦੀਆਂ ਵੱਡੀਆਂ ਨਿਸ਼ਾਨੀਆਂ ਹਨ, ਜੋ ਮਨੁਖੀ ਸਮਾਨਤਾ ਅਤੇ ਮਨੁਖੀ ਭਾਈਚਾਰਕ ਸਾਂਝ ਉਤੇ ਇਨ੍ਹਾਂ ਦਾ ਵਿਸ਼ਵਾਸ਼ ਦ੍ਰਿੜਾਉਂਦੀਆਂ ਹਨ। ਇਨ੍ਹਾਂ ਦੀ ਸੰਗਤ ਤੇ ਪੰਗਤ ਵੇਖਣ ਯੋਗ ਦਰਿਸ ਹਨ। ਇਹ ਇਨ੍ਹਾਂ ਦੇ ਮਨੁਖ-ਮਾਤਰ ਨਾਲ ਪਿਆਰ ਅਤੇ ਮਨੁਖੀ ਸਮਾਨਤਾ ਦੇ ਅਸੂਲ ਦੀ ਦ੍ਰਿੜਤਾ ਹੈ ਜੋ ਮੈਨੂੰ ਸਿੱਖੀ ਦੀ ਪਰੇਰਨਾ ਦਿੰਦੇ ਹਨ।

ਕਿਉਂਕਿ ਇਹ ਉਹ ਧਰਮ ਹੈ ਜੋ ਰੱਬ ਦਾ ਇਕ ਹੋਣਾ ਅਤੇ ਮਨੁਖ-ਮਾਤਰ ਦੀ ਸਾਂਝੀਵਾਲਤਾ ਸਿਖਾਉਂਦਾ ਹੈ। ਰੱਬ ਨਾਲ ਪਿਆਰ ਅਤੇ ਮਨੁਖ ਮਾਤਰ ਦਾ ਸੇਵਾ ਇਸ ਦੇ ਮੁਖ ਅਸੂਲ ਹਨ। ਆਤਮਾ ਰੱਬ ਪਾਸੋਂ ਵਿਛੜ ਕੇ ਇਸ ਸੰਸਾਰ ਅੰਦਰ ਮਨੁਖੀ ਸਰੀਰ ਦੀ ਕੈਦ ਵਿਚ ਪਈ ਹੋਈ ਹੈ। ਇਸ ਨੇ ਮੁੜ ਆਪਣੇ ਰੱਬ ਨਾਲ ਇਕ ਮਿਕ ਹੋਣਾ ਹੈ, ਮੇਲ ਕਰਾਉਣ ਦਾ ਵਸੀਲਾ ਇਕੋ ਪਿਆਰ ਹੀ ਹੈ। ਸੇਵਾ ਮਨੁਖ ਦੇ ਦਿਲ ਨੂੰ ਨਰਮ ਤੇ ਨਿੱਘਾ ਕਰਦੀ ਤੇ ਇਸ ਵਿਚ ਪਿਆਰ ਲਈ ਥਾਂ ਬਣਾਉਂਦੀ ਹੈ, ਇਸ ਲਈ ਸਿੱਖ ਵਾਸਤੇ ਸੇਵਾ ਤੇ ਪਿਆਰ ਭਾਵਨਾ ਦਾ ਉਪਜਾਉਣਾ ਅਤਿ ਜ਼ਰੂਰੀ ਹੈ। ਉਹ ਬਹੁਤ ਸਵੇਰੇ ਅੰਮ੍ਰਿਤ ਵੇਲੇ ਜਾਗ ਕੇ ਆਪਣੀ ਸੁਰਤੀ ਨੂੰ ਪ੍ਰਭੂ ਦੇ ਪਿਆਰ ਵਿਚ ਜੋੜਦਾ ਹੈ ਅਤੇ ਦਿਨ ਚੜ੍ਹੇ ਆਪਣੇ ਨਿਤ ਦੇ ਵਿਹਾਰਕਾਰ ਅੰਦਰ ਆਪਣੇ ਫਰਜ਼ ਪੂਰਨ ਸਚਾਈ ਤੇ ਇਮਾਨਦਾਰੀ ਨਾਲ ਨਿਭਾਉਂਦਾ ਹੋਇਆ ਸੇਵਾ ਦੀ ਭਾਵਨਾ ਨੂੰ ਸਦਾ ਆਪਣੇ ਅੰਦਰ ਧਾਰੀ ਰੱਖਦਾ ਹੈ। ਜੋ ਇਨਸਾਨ ਲਈ ਸਭ ਤੋਂ ਵੱਡਾ ਤੇ ਸੁਚਾ ਆਦਰਸ਼ ਹੈ। ਇਨ੍ਹਾਂ ਗੁਣਾਂ ਦਾ ਧਾਰਨੀ ਬਣੇ ਰਹਿਣ ਲਈ ਮੇਰੀ ਸਦੀਵਕਾਲ ਇਹੋ ਇੱਛਾ ਹੈ ਕਿ ਮੈਂ ਹਮੇਸ਼ਾ ਗੁਰੂ ਦਾ ਸਿੱਖ ਬਣਿਆਂ ਰਹਾਂ।

ਜਦੋਂ ਗੁਰੂ ਗੋਬਿੰਦ ਸਿੰਘ ਨੇ ਮੈਨੂੰ ਖਾਲਸਾ ਹੋਣ ਦਾ ਮਾਨ ਬਖਸ਼ਿਆ, ਤਾਂ ਆਪ ਮੇਰੇ ਪ੍ਰਤੀ ਇਉਂ ਬੋਲੇ :

'ਪੁੱਤਰ, ਮੈਂ ਤੈਨੂੰ ਉਹੋ ਕੁਝ ਦਸਦਾ ਹਾਂ ਜੋ ਮੇਰੇ ਪ੍ਰਭੂ ਨੇ ਮੈਨੂੰ ਸਮਝਾ ਕੇ ਸੰਸਾਰ ਤੇ ਭੇਜਿਆ ਹੈ। ਮੈਂ ਕੋਈ ਗੱਲ ਤੇਰੇ ਪਾਸੋਂ ਛੁਪਾ ਕੇ ਨਹੀਂ ਰਖਾਂਗਾ, ਅਤੇ ਨਾ ਕੋਈ ਵਾਧੂ ਗੱਲ ਕਰਾਂਗਾ। ਇਸ ਵਿਚ ਰਤਾ ਭਰ ਵੀ ਸ਼ੰਕਾ ਨਹੀਂ ਕਰਨੀ ਕਿ ਮੈਂ ਆਪਣੇ ਪ੍ਰਭੂ ਦਾ ਅਨਿੰਨ ਸੇਵਕ ਤੇ ਦਾਸ ਹਾਂ, ਸਰਬ ਸਮਰੱਥ ਅੰਤਰਜਾਮੀ ਉਹ ਆਪ ਹੈ, ਹੋਰ ਕੋਈ ਉਸ ਜੇਹਾ ਨਹੀਂ ਅਤੇ ਨਾ ਕਦੀ ਹੋਵੇਗਾ। ਉਸ ਨੇ ਮੈਨੂੰ ਆਪਣਾ ਪੁਤਰ ਕਹਿ ਕੇ ਨਿਵਾਜਿਆ ਹੈ, ਅਤੇ ਮੈਨੂੰ ਕੁਝ ਵਿਸ਼ੇਸ਼ ਹੁਕਮ ਦੇ ਕੇ ਇਥੇ ਭੇਜਿਆ ਹੈ, ਜਿਨ੍ਹਾਂ ਦੀ ਪਾਲਨਾ ਮੇਰੇ ਜ਼ਿਮੇਂ ਹੈ। ਮੇਰੇ ਪ੍ਰਭੂ ਨੇ ਮੈਨੂੰ ਇਹ ਵੀ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਹੁਕਮਾਂ ਨੂੰ ਪੂਰੀ ਤਰ੍ਹਾਂ ਬਜਾ ਲਿਆਉਣ ਵਿਚ

ਪ੍ਰਭੂ ਮੇਰੀ ਮਦਦ ਕਰਨਗੇ, ਇਸ ਲਈ ਮੇਰੇ ਅੰਦਰ ਕਿਸੇ ਤਰ੍ਹਾਂ ਦਾ ਭੈ ਨਹੀਂ ਹੈ। ਮੇਰੇ ਪ੍ਰਭੂ ਦਾ ਹੁਕਮ ਹੈ ਕਿ ਮੈਂ ਧਰਮ ਨੂੰ ਪ੍ਰਚੁਰ ਕਰਾਂ, ਸੰਤਾਂ ਦਾ ਸਹਾਈ ਹੋਵਾਂ ਅਤੇ ਦੁਸ਼ਟਾਂ ਦੀ ਜੜ੍ਹ ਪੁਟਾਂ, ਜਿਸ ਲਈ ਮੈਂ ਹਰ ਤਰ੍ਹਾਂ ਦੀ ਸਮਰਥਾ ਆਪਣੇ ਪ੍ਰਭੂ ਤੋਂ ਲੈਂਦਾ ਹਾਂ, ਹੋਰ ਕਿਸੇ ਦੇਵੀ ਦੇਵਤੇ ਜਾਂ ਰਾਮ ਰਹੀਮ ਦੀ ਮੈਂ ਪਛਾਣ ਤਕ ਵੀ ਨਹੀਂ ਕਰਦਾ। ਮੇਰੇ ਪ੍ਰਭੂ ਨੇ ਆਪਣੀ ਲਾਸਾਨੀ ਤਾਕਤ ਦੀ ਵਾਹਿਦ ਨਿਸ਼ਾਨੀ ਸ੍ਰੀ ਸਾਹਿਬ ਮੇਰੇ ਹਥ ਫੜਾਈ ਹੈ। ਇਹੋ ਮੇਰੀ ਸਮਰੱਥਾ ਹੈ ਜਿਸ ਨਾਲ ਮੈਂ ਦੁਸ਼ਟਾਂ ਦੇ ਦਮਨ ਵਾਲਾ ਅਤੇ ਅਨਾਥਾਂ ਅਤੇ ਅਬਲਾ ਦਾ ਸਹਾਰਾ ਬਨਣਾ ਹੈ। ਮੇਰੇ ਪ੍ਰਭੂ ਦੀ ਆਗਿਆ ਹੈ ਕਿ ਮੈਂ ਅਜਿੱਤ ਸੂਰਮਿਆਂ ਦੀ ਫੌਜ ਖੜੀ ਕਰਾਂ ਜਿਸ ਦਾ ਇਕ ਇਕ ਸੂਰਬੀਰ ਸਵਾ ਸਵਾ ਲਖ ਤੇ ਭਾਰੂ ਹੋਵੇ। ਮੈਂ ਇਹ ਸੈਨਾ ਉਨ੍ਹਾਂ ਲੋਕਾਂ ਵਿਚੋਂ ਖੜੀ ਕਰਾਂਗਾ ਜਿਨ੍ਹਾਂ ਨੂੰ ਨੀਚ ਸੂਦਰ ਅਤੇ ਕੀੜੇ-ਕਾਰੇ ਕਿਹਾ ਜਾਂਦਾ ਹੈ ਤਾਂ ਜੋ ਆਪਣੇ ਆਪ ਨੂੰ ਉਚੇ ਜਾਨਣ ਵਾਲਿਆਂ ਦਾ ਘੁਮੰਡ ਟੁਟੇ।

'ਇਨਹੀ ਸੇ ਰਾਜੇ ਉਪਜਾਊਂ, ਰਾਜ ਕਰਨ ਕੀ ਨੀਤ ਸਿਖਾਊਂ
ਇਨਹੀ ਕੋ ਸਰਦਾਰ ਬਣਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥'

'ਮੇਰੀ ਗਰੀਬ ਸੈਨਾ ਧਰਮ ਦੇ ਦੋਖੀਆਂ ਦੀ ਜੜ੍ਹ ਪੁਟੇਗੀ, ਮੇਰੀਆਂ ਚਿੜੀਆਂ ਜ਼ੁਲਮੀ ਬਾਜ਼ਾਂ ਨੂੰ ਖਾ ਜਾਣਗੀਆਂ, ਮੈਂ ਇਨ੍ਹਾਂ ਨੂੰ ਅਜਿਹੀ ਵਰਦੀ ਪਹਿਨਾਵਾਂਗਾ ਜੋ ਕਦੀ ਉਤਾਰੀ ਨਾ ਜਾ ਸਕੇ, ਜੋ ਇਨ੍ਹਾਂ ਨੂੰ ਭਾਰਤੀ ਰਿਸ਼ੀਆਂ ਦਾ ਰੂਪ ਅਤੇ ਅਰਜਨ ਤੇ ਕ੍ਰਿਸ਼ਨ ਦੀ ਸੂਰਬੀਰਤਾ ਦੇਵੇਗੀ। ਮੈਂ ਇੱਜੜ ਦੀਆਂ ਭੇਡਾਂ ਵਧਾਉਣ ਨਹੀਂ ਆਇਆ, ਮੈਂ ਬੱਬਰ ਸ਼ੇਰ ਪੈਦਾ ਕਰਨੇ ਹਨ। ਮੇਰੇ ਸਿੰਘ ਸ਼ਸਤਰ-ਧਾਰੀ ਜੋਧੇ ਹੋਣਗੇ, ਇਹ ਸ਼ਸਤਰ ਦਾ ਵਿਸਾਹ ਕਦੀ ਨਹੀਂ ਕਰਨਗੇ ਤੇ ਸ਼ਸਤਰ ਨੂੰ ਜਬਰ ਦੇ ਨਾਸ ਕਰਨ ਲਈ ਵਰਤਣਗੇ। ਇਹ ਮੇਰੇ ਸੰਤ ਸਿਪਾਹੀ ਹਨ।

'ਮੇਰਾ ਦਰਵਾਜ਼ਾ ਸਭ ਕਿਸੇ ਲਈ ਖੁਲ੍ਹਾ ਹੈ। ਆਓ, ਮੇਰੀ ਸੈਨਾ ਵਿਚ ਸ਼ਾਮਲ ਹੋਵੋ ਅਤੇ ਜੋ ਕਾਰਜ ਕਰਨ ਮੈਂ ਆਇਆ ਹਾਂ ਇਸ ਵਿਚ ਮੇਰਾ ਸਾਥ ਦਿਓ।

'ਯਾਦ ਰਖੋ, ਤੁਹਾਡੀ ਵਰਦੀ, ਤੁਹਾਡੀ ਅੰਦਰਲੀ ਚੜ੍ਹਦੀ ਕਲਾ ਦੀ ਪ੍ਰਤੀਕ ਹੋਵੇ। ਬਹਾਦਰ ਹੋਵੋ ਪਰ ਵਿਖਾਵੇ ਦੇ ਨਹੀਂ, ਵਿਖਾਵਾ ਤੁਹਾਡੇ ਅੰਦਰ ਦੀ ਅਸਲੀਅਤ ਨੂੰ ਧੁੰਧਲਾ ਨਾ ਕਰੇ। ਤੁਸੀਂ ਗਰੀਬ ਸੁਭਾਅ ਹੋਵੋ, ਪਰ ਬੇਅਣਖੇ ਨਹੀਂ। ਅਣਖ ਜੀਵਨ ਹੈ, ਬੇਅਣਖੇ ਹੋਣਾ ਮੌਤ। ਦੁਨੀਆਂ ਵਿਚ ਖੁਲ੍ਹੇ ਵਿਚਰੋ ਪਰ ਤੁਹਾਡੀ ਚਿੱਟੀ ਚਾਦਰ ਨੂੰ ਦਾਗ ਨਾ ਲਗੇ, ਨਾ ਤੁਹਾਡੇ ਵੱਲ ਕੋਈ ਉਂਗਲ ਕਰ ਸਕੇ। ਤੁਸੀਂ ਲੋਕਾਂ ਤੇ ਤਰਸ ਕਰੋ, ਰੱਬ ਤੁਹਾਡੇ ਤੇ ਤਰਸ ਕਰੇਗਾ। ਤੁਸੀਂ ਸਭ ਨਾਲ ਪਿਆਰ ਕਰੋ, ਰੱਬ ਤੁਹਾਨੂੰ ਆਪਣਾ ਪਿਆਰ ਦੇਵੇਗਾ।

'ਸਵੇਰ ਦੀ ਲੋਅ ਲੱਗਣ ਤੋਂ ਪਹਿਲੋਂ ਨਿਤਾਪ੍ਰਤ ਅੰਮ੍ਰਿਤ ਵੇਲੇ ਜਾਗ ਕੇ ਵਾਹਿਗੁਰੂ ਦੇ ਗੁਣਾਂ ਅੰਦਰ ਟਿਕ ਜਾਓ, ਉਪਰੰਤ ਉਸ ਦਿਨ ਲਈ ਆਪਣੇ ਮਿਥੇ ਪਰੋਗਰਾਮ ਵਿਚ ਸ਼ੁਧ ਤੇ ਆਸ਼ਾ ਭਰਪੂਰ ਹਿਰਦੇ ਨਾਲ ਜੁਟ ਜਾਓ! ਸੇਵਾ ਤੇ ਕੁਰਬਾਨੀ ਦੇ ਉਦੇਸ਼ ਨਾਲ ਸੰਸਾਰ ਅੰਦਰ ਵਿਚਰੋ। ਹਾਂ, ਬਿਨਾਂ ਵਿਤਕਰੇ ਮਨੁਖ ਮਾਤਰ ਦੀ ਸੇਵਾ, ਅਤੇ ਧਰਮ ਤੇ ਸਚ ਨੂੰ ਉਜਾਗਰ ਕਰਨ ਵਾਸਤੇ ਆਪਣਾ ਧਨ ਧਾਮ ਸਮਾਂ ਅਤੇ ਸੁਖ, ਬਲਕਿ ਲੋੜ ਪਵੇ ਤਾਂ ਆਪਣਾ ਆਪ ਵੀ ਸਚ ਉਪਰੋਂ ਨਿਛਾਵਰ ਕਰ ਦਿਓ।

'ਹਮੇਸ਼ਾ ਨਿਰਭੈ ਹੋ ਕੇ ਵਿਚਰੋ। ਚੇਤੇ ਰਖੋ ਕਿ ਹਰ ਗਲ ਦਾ ਕਰਨ-ਕਾਰਨ ਤਾਂ ਵਾਹਿਗੁਰੂ ਹੈ ਜਿਸ ਦੇ ਹੁਕਮ ਤੋਂ ਬਿਨਾਂ ਕੁਝ ਨਹੀਂ ਹੁੰਦਾ, ਅਤੇ ਉਹ ਆਪਣੀ ਜਾਤ ਵਿਚ ਨਿਰਵੈਰ ਹੈ। ਸੁਚੇ ਆਚਰਨ ਵਾਲੇ ਹੋਵੋ, ਪਰ-ਇਸਤਰੀ ਨੂੰ ਧੀ-ਭੈਣ ਵਾਲਾ ਸਤਿਕਾਰ ਦਿਓ।

'ਨਸ਼ਿਆਂ ਤੋਂ ਪਰਹੇਜ਼ ਕਰੋ, ਤੰਬਾਕੂ ਪੀਣਾ ਸਭ ਤੋਂ ਵਡੀ ਬਿੱਦਤ ਹੈ।

'ਮੈਂ ਤੁਹਾਨੂੰ ਸਿੰਘ (ਸ਼ੇਰ) ਬਣਾਇਆ ਹੈ ਇਸ ਲਈ ਕਦੀ ਕਮਜ਼ੋਰੀ ਨਾ ਖਾਓ, ਗੀਦੀਆਂ ਲਈ ਮੇਰੇ ਪਾਸ ਕੋਈ ਥਾਉਂ ਨਹੀਂ, ਇਸ ਲਈ ਗੀਦੀ ਹਰਗਿਜ਼ ਨਾ ਬਣੋ, ਵੈਰੀ ਨੂੰ ਕੰਡ ਕਦੀ ਨਾ ਵਿਖਾਓ।

'ਤੁਹਾਨੂੰ ਆਪਣਾ ਰੂਪ ਦੇ ਕੇ ਮੈਂ ਆਪਣਾ ਬਣਾਇਆ ਹੈ, ਮੈਂ ਕਦੀ ਨਹੀਂ ਸਹਾਰ ਸਕਦਾ ਕਿ ਤੁਸੀਂ ਮੇਰੇ ਰੂਪ ਨੂੰ ਵਿਗਾੜੋ।

'ਮੈਂ ਤੁਹਾਨੂੰ ਖਾਲਸਾ ਕੀਤਾ ਹੈ, ਤੁਸੀਂ ਮਲ-ਰਹਿਤ ਹੋਏ ਹੋ। ਇਸ ਲਈ ਮਨ, ਬਚਨ ਤੇ ਕਰਮ ਕਰ ਕੇ ਨਿਰਮਲ ਹੋਵੋ।

'ਖਾਲਸੇ ਦਾ ਕਰਮ ਹੈ ਜਾਗਤ ਜੋਤਿ ਦਾ ਦਿਨ ਰਾਤ ਧਿਆਨ ਧਰਨਾ, ਅਤੇ ਉਸ ਤੋਂ ਬਿਨਾਂ ਹੋਰ ਕਿਸੇ ਦਾ ਧਿਆਨ ਨਾ ਧਰਨਾ। ਜਾਗਤ ਜੋਤਿ ਉਪਰ ਪੂਰਨ ਵਿਸ਼ਵਾਸ਼ ਰਖਦੇ ਹੋਏ ਗੋਰ, ਮੜ੍ਹੀ, ਮੱਠ, ਨੂੰ ਭੁਲ ਕੇ ਵੀ ਨਹੀਂ ਮੰਨਣਾ, ਨਾ ਤੀਰਥ ਯਾਤਰਾ ਅਤੇ ਤੀਰਥਾਂ ਉਪਰ ਕੀਤੇ ਪੁੰਨ-ਦਾਨ, ਦਇਆ-ਤਪ ਉਪਰ ਭਰੋਸਾ ਰਖਣਾ। ਪ੍ਰਤੀਤ ਕੇਵਲ ਇਕ ਅਕਾਲ ਦੀ ਰਖਣੀ ਅਤੇ ਆਪਣੇ ਅੰਦਰ ਪੂਰਨ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨਾ। ਐਸੇ ਖਾਲਸੇ ਅਤੇ ਮੇਰੇ ਵਿਚ ਫਿਰ ਕੋਈ ਭਿੰਨ-ਭੇਦ ਨਹੀਂ ਰਹੇਗਾ ਅਤੇ ਮੈਂ ਅਤੇ ਖਾਲਸਾ—ਸਾਗਰ ਤੇ ਬੂੰਦ ਦੀ ਨਿਆਈਂ ਇਕਮਿਕ ਹੋਵਾਂਗੇ।

'ਓਤ ਪੋਤ ਸਾਗਰ ਬੂੰਦੇਰੋ।'

'ਐਸਾ ਖਾਲਸਾ ਮੇਰੇ ਮਾਲਕ ਵਾਹਿਗੁਰੂ ਦਾ ਹੈ ਜਿਸ ਦੀ ਤਿੰਨ ਕਾਲ ਜੈ ਹੁੰਦੀ ਹੈ। ਇਸ ਲਈ ਜਦੋਂ ਤੁਸੀਂ ਖਾਲਸਾ ਹੋਵੋਗੇ ਤਾਂ ਫਤਹਿ ਤੁਹਾਡੇ ਪੈਰ ਚੁੰਮੇਗੀ।

'ਮੈਨੂੰ ਆਪਣੇ ਅਕਾਲ ਉਤੇ ਅਤੇ ਉਸਦੇ ਬਖਸ਼ੇ ਸ਼ਸਤਰ ਦੀ ਸਮਰੱਥਾ ਉਤੇ ਪੂਰਨ ਭਰੋਸਾ ਹੈ।

'ਅਕਾਲ ਪੁਰਖ ਕੀ ਰਛਾ ਹਮ ਨੈ,
ਸਰਬ ਲੋਹ ਕੀ ਰਛਿਆ ਹਮ ਨੈ॥
ਸਰਬ ਕਾਲ ਜੀ ਦੀ ਰਛਿਆ ਹਮ ਨੈ,
ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ॥'

'ਇਸ ਲਈ ਮੈਂ ਸਰਬ ਲੋਹ ਦੇ ਦੋਧਾਰੇ ਖੰਡੇ ਦੀ ਨੋਕ ਅਤੇ ਬਾਟੇ ਦੀ ਰਗੜ ਅਤੇ ਅਕਾਲੀ ਬਾਣੀ ਦੀ ਮਿੱਠੀ ਸਰੋਦ ਤੋਂ ਅੰਮ੍ਰਿਤ ਤਿਆਰ ਕੀਤਾ ਹੈ, ਜਿਸ ਦਾ ਪੀਤਾ ਇਕ ਇਕ ਘੁਟ ਮਨੁਖ ਨੂੰ ਅਮਰ ਕਰਦਾ ਅਤੇ ਇਕੱਲੇ ਇਕੱਲੇ ਨੂੰ ਸਵਾ ਸਵਾ ਲਖ ਨਾਲ ਲੋਹਾ ਲੈਣ ਦੀ ਫੌਲਾਦੀ ਸ਼ਕਤੀ ਬਖਸ਼ਦਾ ਹੈ,

ਪਰ ਕੇਵਲ ਉਨ੍ਹਾਂ ਨੂੰ ਜੋ ਮਨੁੱਖਾਂ ਦੇ ਪਾਏ ਭਿੰਨ-ਭੇਦ ਮਿਟਾ ਕੇ ਕੇਵਲ ਅਕਾਲ ਦੇ ਹੋ ਜਾਂਦੇ ਹਨ, ਜਿਨ੍ਹਾਂ ਆਪਣਾ ਆਪ ਸਤਿਗੁਰੂ ਨੂੰ ਸੌਂਪ ਦਿੱਤਾ ਹੈ।

'ਤੁਸੀਂ ਵੀ ਖੰਡੇ ਦਾ ਅੰਮ੍ਰਿਤ ਛਕੋ, ਆਪੇ ਵਿਚਲੇ ਭਿੰਨ ਭੇਦ ਮਿਟਾ ਕੇ ਗੁਰੂ ਕੇ ਹੋ ਜਾਓ, ਫਿਰ 'ਸਤਿਗੁਰ ਕੈ ਜਨਮੇ ਗਵਨ ਮਿਟਾਇਆ'। ਫਿਰ ਤੁਸੀਂ ਖਾਲਸਾ ਹੋਵੋਗੇ, ਐਸਾ :

'ਖਾਲਸਾ ਮੇਰੀ ਜਾਨ ਕੀ ਜਾਨ ॥
ਖਾਲਸਾ ਮੇਰੋ ਪਿੰਡ ਅਰ ਪ੍ਰਾਨ ॥'

'ਐਸਾ—ਖਾਲਸਾ ਮੇਰਾ ਸਤਿਗੁਰ ਪੂਰਾ। ਮੈਂ ਐਸੇ ਖਾਲਸੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖਾਲਸਾ ਸਜਿਆ ਹਾਂ, ਹੁਣ ਮੈਂ ਖਾਲਸੇ ਦਾ ਹਾਂ, ਖਾਲਸਾ ਮੇਰਾ ਹੈ।

'ਹਮ ਓਇ ਮਿਲਿ ਹੋਇ ਇਕ ਰੰਗਾ ॥'

'ਜਿਥੇ ਤੁਸੀਂ ਐਸੇ ਪੰਜ ਇਕਠੇ ਹੋਵੋਗੇ, ਉਥੇ ਮੈਂ ਹੋਵਾਂਗਾ, ਉਥੇ ਖਾਲਸਾ ਹੋਵੇਗਾ। ਉਨ੍ਹਾਂ ਨੂੰ ਦੀਪਕ ਤੋਂ ਦੀਪਕ ਜਗਾਉਣ ਵਾਂਗ ਮਨੁਖ ਮਾਤਰ ਨੂੰ ਖਾਲਸਾ ਕਰ ਲੈਣ ਦੀ ਸਮਰਥਾ ਹੋਵੇਗੀ।'

ਇਹ ਗੁਰੂ ਗੋਬਿੰਦ ਸਿੰਘ ਦੇ ਇਸੇ ਦਿਤੇ ਭਰੋਸੇ ਸਦਕਾ ਹੈ ਕਿ ਮੈਂ ਸਿੱਖ ਹਾਂ।


LIST OF BOOKS PUBLISHED BY THE SIKH MISSIONARY SOCIETY (U.K)

1. Introduction to Sikhism (English) By Mr. G.S. Sidhu, M.A.
2. Guru Arjan, the apostle of peace. (English) By Mr. G.S. Sidhu, M.A.
3. The Sikh Symbols. (English) By Mr. Kirpal Singh, M.A.
4. The Sikh Bangle. (English) By Mr. Mohinder Singh Cheema, M.A.
5. A Spur To The Sikh Youth. (English) By Guru Nanak Mission Patiala.
6. Why am I a Sikh. (Punjabi) By Guru Nanak Mission, Patiala.

BOOKS FOR CHILDREN.

1. Guru Nanak (English) Messrs. G.S. Sidhu, G.S. Sivia and Kirpal Singh
2. The Guru's Way (English) Messrs. G.S. Sidhu, G.S. Sivia and Kirpal Singh
3. In the Guru's Footsteps (English) Messrs. G.S. Sidhu, G.S. Sivia & Kirpal Singh

NOTE: For copies of the above books please write to the Hon. Secretary of the Society. Books not published by the Society are also available on reasonable price.

Printed by PANJAB TIMES 46/48 Artillery Lane, London E.1. Tel. 01-247 9024